Scottish Social Services Council

## ਸਕੌਟਿਸ਼ ਸੋਸ਼ਲ ਸਰਵਿਸਿਜ਼ ਕੌਂਸਲ

# ਸਮਾਜਿਕ ਸੇਵਾ ਕਰਮਚਾਰੀਆਂ ਅਤੇ ਮਾਲਕਾਂ ਦੇ ਲਈ ਕਾਰਜ ਪ੍ਰਨਾਲੀ ਦੇ ਕੋਡ

## ਕੋਡਾਂ ਦੇ ਬਾਰੇ

ਅਸੀਂ ਪਹਿਲਾਂ 2003 ਵਿੱਚ, ਪ੍ਰਬੰਧ ਅਤੇ ਕਾਰਜ ਪ੍ਰਨਾਲੀ ਦੇ ਰਾਸ਼ਟਰੀ ਪੱਧਰਾਂ ਨੂੰ ਨਿਰਧਾਰਿਤ ਕਰਦੇ ਹੋਏ ਕੋਡ ਪ੍ਰਕਾਸ਼ਿਤ ਕੀਤੇ, ਜੋ ਕਿ ਸਾਰੇ ਸੋਸ਼ਲ ਸਰਵਿਸ ਕਰਮਚਾਰੀਆਂ 'ਤੇ ਲਾਗੂ ਹੁੰਦੇ ਹਨ। 2016 ਦੇ ਸੰਸ਼ੋਧਿਤ ਕੋਡ, ਦੂਜਾ ਸੰਸਕਰਨ ਹੈ ਅਤੇ ਸੋਸ਼ਲ ਸਰਵਿਸਿਜ਼ ਪਾਲਸੀ ਅਤੇ ਕਾਰਜ ਪ੍ਰਨਾਲੀ ਵਿੱਚ ਤਰੱਕੀਆਂ ਦਾ ਕਾਰਨ ਹੈ।

### ਜਾਣ-ਪਛਾਣ

ਕਾਰਜ ਪ੍ਰਨਾਲੀ ਦੇ SSSC ਕੋਡ (ਕੋਡ) ਹੇਠ ਲਿਖਿਆਂ ਨੂੰ ਨਿਰਧਾਰਿਤ ਕਰਦੇ ਹਨ:

- ਸਕਾਟਲੈਂਡ ਦੀਆਂ ਸਮਾਜਿਕ ਸੇਵਾਵਾਂ ਵਿੱਚ ਕੰਮ ਕਰਦੇ ਹਰੇਕ ਵਿਅਕਤੀ ਵੱਲੋਂ ਉਮੀਦ ਕੀਤੇ ਗਏ ਕਾਰਜ ਪ੍ਰਨਾਲੀ ਅਤੇ ਵਰਤਾਅ ਦੇ ਪੱਧਰਾਂ ਨੂੰ
- ਸਕਾਟਲੈਂਡ ਵਿੱਚ ਸਮਾਜਿਕ ਸੇਵਾ ਕਰਮਚਾਰੀਆਂ ਦੇ ਮਾਲਕਾਂ ਵੱਲੋਂ ਉਮੀਦ ਕੀਤੇ ਗਏ ਪੱਧਰਾਂ ਨੂੰ।

ਇਹਨਾਂ ਪੱਧਰਾਂ ਨੂੰ ਨਿਰਧਾਰਿਤ ਕਰਨ ਵਿੱਚ, ਕੋਡ ਮਾਲਕਾਂ ਅਤੇ ਕਰਮਚਾਰੀਆਂ ਲਈ ਇਹ ਸੋਚਣ ਲਈ ਵਰਤਣ ਵਾਲਾ ਇੱਕ ਯੰਤਰ ਹੈ, ਕਿ ਉਹ ਆਪਣੀ ਕਾਰਜ ਪ੍ਰਨਾਲੀ ਨੂੰ ਨਿਰੰਤਰ ਕਿਵੇਂ ਸੁਧਾਰ ਸਕਦੇ ਹਨ। ਕੋਡ ਸਮਾਜਿਕ ਸੇਵਾਵਾਂ ਨੂੰ ਵਰਤਣ ਵਾਲੇ ਲੋਕਾਂ ਅਤੇ ਦੇਖਭਾਲਕਰਤਾਵਾਂ ਨੂੰ ਇਹ ਜਾਣਨ ਦਿੰਦੇ ਹਨ ਕਿ ਉਹ ਉਹਨਾਂ ਨੂੰ ਸਹਾਰਾ ਦੇਣ ਵਾਲੇ ਕਰਮਚਾਰੀਆਂ ਤੋਂ ਕੀ ਉਮੀਦ ਰੱਖ ਸਕਦੇ ਹਨ।

### ਕੋਡ ਦੋ ਭਾਗਾਂ ਵਿੱਚ ਹਨ

ਦੋ ਕੋਡਾਂ ਨੂੰ ਇਕੱਠੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਕਿਉਂਕਿ ਉਹ ਸਹਾਇਕ ਹੁੰਦੇ ਹਨ ਅਤੇ ਪੱਧਰਾਂ ਦੇ ਅਨੁਰੂਪ ਹੋਣ ਵਿੱਚ ਦੋਨੋਂ ਮਾਲਕਾਂ ਅਤੇ ਕਰਮਚਾਰੀਆਂ ਦੀਆਂ ਸਾਂਝੀਆਂ ਜ਼ੁੰਮੇਵਾਰੀਆਂ ਨੂੰ ਪ੍ਰਤਿਬਿੰਬਤ ਕਰਦੇ ਹਨ।

1. **ਸਮਾਜਿਕ ਸੇਵਾ ਕਰਮਚਾਰੀਆਂ ਦੇ ਮਾਲਕਾਂ ਲਈ ਕੋਡ**
   ਜੇਕਰ ਤੁਸੀਂ ਮਾਲਕ ਹੋ, ਤਾਂ ਸਮਾਜਿਕ ਸੇਵਾ ਕਰਮਚਾਰੀਆਂ ਦੇ ਮਾਲਕਾਂ ਲਈ ਕੋਡ, ਇਹ ਯਕੀਨੀ ਬਣਾਉਣ ਲਈ ਤੁਹਾਡੀਆਂ ਜ਼ੁੰਮੇਵਾਰੀਆਂ ਨੂੰ ਨਿਰਧਾਰਿਤ ਕਰਦੇ ਹਨ ਕਿ ਤੁਹਾਡਾ ਕਰਮਚਾਰੀ ਦਲ ਭਰੋਸੇਮੰਦ, ਹੁਨਰਮੰਦ ਅਤੇ ਆਤਮ ਵਿਸ਼ਵਾਸੀ ਹੈ। ਤੁਹਾਡੇ ਕੋਲ ਆਪਣੇ ਕਰਮਚਾਰੀਆਂ ਨੂੰ, ਸਮਾਜਿਕ ਸੇਵਾ ਕਰਮਚਾਰੀਆਂ ਦੇ ਲਈ ਕੋਡ ਵਿੱਚ

ਨਿਰਧਾਰਿਤ ਕੀਤੇ ਗਏ ਪੱਧਰਾਂ ਨੂੰ ਪ੍ਰਾਪਤ ਕਰਨ ਲਈ ਸਹਾਰਾ ਦੇਣ ਦੀ ਜ਼ੁੰਮੇਵਾਰੀ ਹੈ ਅਤੇ ਨਿਰੰਤਰ ਸੁਧਾਰ ਲਈ ਕੋਡਾਂ ਦੇ ਦੋਨੋਂ ਭਾਗਾਂ ਨੂੰ ਇੱਕ ਯੰਤਰ ਦੇ ਤੌਰ 'ਤੇ ਵਰਤਣਾ ਚਾਹੀਦਾ ਹੈ।

2. **ਸਮਾਜਿਕ ਸੇਵਾ ਕਰਮਚਾਰੀਆਂ ਦੇ ਲਈ ਕੋਡ**
   ਜੇਕਰ ਤੁਸੀਂ ਸਮਾਜਿਕ ਸੇਵਾਵਾਂ ਵਿੱਚ ਕੰਮ ਕਰਦੇ ਹੋ, ਤਾਂ ਸਮਾਜਿਕ ਸੇਵਾ ਕਰਮਚਾਰੀਆਂ ਦੇ ਲਈ ਕੋਡ, ਸਪਸ਼ਟ ਪੱਧਰਾਂ ਨੂੰ ਨਿਰਧਾਰਿਤ ਕਰਦੇ ਹਨ ਜਿਨ੍ਹਾਂ ਦੇ ਅਨੁਰੂਪ ਹੋਣ ਦੀ ਤੁਹਾਡੇ ਤੋਂ ਉਮੀਦ ਕੀਤੀ ਜਾਂਦੀ ਹੈ। ਇਹਨਾਂ ਪੱਧਰਾਂ ਦੇ ਅਨੁਰੂਪ ਹੋਣ ਦੀ ਜ਼ੁੰਮੇਵਾਰੀ ਤੁਹਾਡੀ ਹੈ ਅਤੇ ਤੁਹਾਨੂੰ ਆਪਣੀ ਕਾਰਜ ਪ੍ਰਨਾਲੀ ਉੱਤੇ ਧਿਆਨ ਦੇਣ ਲਈ ਅਤੇ ਤੁਸੀਂ ਨਿਰੰਤਰ ਸੁਧਾਰ ਕਿਵੇਂ ਕਰ ਸਕਦੇ ਹੋ, ਇਹ ਪਛਾਣਨ ਲਈ, ਤੁਹਾਨੂੰ ਕੋਡ ਦੀ ਵਰਤੋਂ ਕਰਨੀ ਚਾਹੀਦੀ ਹੈ।

## ਕੋਡ ਕਿਉਂ ਜ਼ਰੂਰੀ ਹਨ?

### ਜਨਤਾ ਦੀ ਰੱਖਿਆ ਅਤੇ ਕਰਮਚਾਰੀ ਦਲ ਨੂੰ ਨਿਯਮਤ ਕਰਨਾ

ਕੋਡ, ਰਾਸ਼ਟਰੀ ਦੇਖ-ਭਾਲ ਪੱਧਰਾਂ ਦੇ ਸਮੇਤ, ਸਮਾਜਿਕ ਸੇਵਾਵਾਂ ਵਰਤ ਰਹੇ ਲੋਕਾਂ ਦੁਆਰਾ ਅਨੁਭਵ ਕੀਤੀ ਗਈ ਦੇਖ-ਭਾਲ ਦੀ ਗੁਣਵੱਤਾ ਨੂੰ ਨਿਯਮਤ ਕਰਨ ਅਤੇ ਸੁਧਾਰਨ ਦਾ ਇੱਕ ਜ਼ਰੂਰੀ ਭਾਗ ਹਨ।

ਸਾਰੇ ਮਾਲਕਾਂ ਅਤੇ ਕਰਮਚਾਰੀਆਂ ਨੂੰ ਲਾਜ਼ਮੀ ਤੌਰ 'ਤੇ ਕਾਰਜ ਪ੍ਰਨਾਲੀ ਦੇ ਕੋਡਾਂ ਦੇ ਨਾਲ ਲਾਈਨ ਵਿੱਚ ਕੰਮ ਕਰਨ ਦੀ ਵਚਨਬੱਧਤਾ ਕਰਨੀ ਚਾਹੀਦੀ ਹੈ।

SSSC ਕਰਮਚਾਰੀ ਦਲ ਨੂੰ ਨਿਯਮਤ ਕਰਦਾ ਹੈ ਅਤੇ ਇਹ ਯਕੀਨੀ ਬਣਾਉਣ ਦਾ ਟੀਚਾ ਰੱਖਦਾ ਹੈ ਕਿ ਸਕਾਟਲੈਂਡ ਦੇ ਲੋਕ ਕਿਸੇ ਭਰੋਸੇਮੰਦ, ਹੁਨਰਮੰਦ ਅਤੇ ਆਤਮ ਵਿਸ਼ਵਾਸੀ ਕਰਮਚਾਰੀ ਦਲ ਦੁਆਰਾ ਮੁਹੱਈਆ ਕੀਤੀਆਂ ਜਾ ਰਹੀਆਂ ਸਮਾਜਿਕ ਸੇਵਾਵਾਂ 'ਤੇ ਭਰੋਸਾ ਕਰ ਸਕਦੇ ਹਨ।

ਦੇਖ-ਭਾਲ ਇਨਸਪੈਕਟਰ ਮੰਡਲੀ ਉਹਨਾਂ ਸੰਸਥਾਵਾਂ ਨੂੰ ਨਿਯਮਤ ਕਰਦੀ ਹੈ ਜੋ ਕਰਮਚਾਰੀਆਂ ਨੂੰ ਨੌਕਰੀ 'ਤੇ ਲਾਉਂਦੀਆਂ ਹਨ ਅਤੇ ਰਜਿਸਟਰਡ ਦੇਖ-ਭਾਲ ਸੇਵਾਵਾਂ ਮੁਹੱਈਆ ਕਰਦੀਆਂ ਹਨ। ਦੇਖ-ਭਾਲ ਇਨਸਪੈਕਟਰ ਮੰਡਲੀ ਮਸ਼ਵਰਾ ਵੀ ਪ੍ਰਦਾਨ ਕਰਦੀ ਹੈ ਅਤੇ ਸਮਾਜਿਕ ਸੇਵਾ ਸੈਕਟਰ ਦੇ ਸਨਮੁਖ ਪੱਧਰਾਂ ਨੂੰ ਸੁਧਾਰਨ ਲਈ ਚੰਗੀ ਕਾਰਜ ਪ੍ਰਨਾਲੀ ਨੂੰ ਉਤੇਜਿਤ ਕਰਦੀ ਹੈ।

ਜਦੋਂ ਇੱਕ ਰਜਿਸਟਰਡ ਕਰਮਚਾਰੀ ਜਾਂ ਮਾਲਕ, ਕੋਡ ਵਿੱਚ ਨਿਰਧਾਰਿਤ ਕੀਤੀਆਂ ਗਈਆਂ ਆਸਾਂ ਦੇ ਸਮਰੂਪ ਨਹੀਂ ਹੁੰਦਾ, ਤਾਂ SSSC (ਕਰਮਚਾਰੀਆਂ ਲਈ) ਜਾਂ ਦੇਖ-ਭਾਲ ਇਨਸਪੈਕਟਰ ਮੰਡਲੀ (ਮਾਲਕਾਂ ਲਈ) ਦੁਆਰਾ ਕਾਰਵਾਈ ਕੀਤੀ ਜਾ ਸਕਦੀ ਹੈ। SSSC ਸਾਡੀ ਪ੍ਰੈਕਟਿਸ ਦੇ ਲਈ ਫਿਟਨੈਸ ਪ੍ਰਕਿਰਿਆ ਦੇ ਰਾਹੀਂ ਕਰਮਚਾਰੀਆਂ ਦੇ ਵਿਰੁੱਧ ਕਾਰਵਾਈ ਕਰ ਸਕਦੀ ਹੈ। ਦੇਖ-ਭਾਲ ਇਨਸਪੈਕਟਰ ਮੰਡਲੀ, ਦੇਖ-ਭਾਲ ਸੇਵਾ ਪ੍ਰਦਾਤਿਆਂ ਨੂੰ ਕੋਡਾਂ ਦੀ ਪਾਲਣਾ ਕਰਨ 'ਤੇ ਸਲਾਹ ਦਿੰਦੀ ਹੈ ਅਤੇ, ਜੇਕਰ ਜ਼ਰੂਰੀ ਹੋਵੇ, ਤਾਂ ਮਾਲਕਾਂ ਦੇ ਵਿਰੁੱਧ ਕਾਰਵਾਈ ਕਰ ਸਕਦੀ ਹੈ।

**ਹਰੇਕ ਦਿਨ ਚੰਗੀ ਕਾਰਜ ਪ੍ਰਨਾਲੀ ਦਾ ਸਮਰਥਨ ਕਰਨਾ**

ਕੋਡ ਨਿਰੰਤਰ ਸੁਧਾਰ ਅਤੇ ਕਾਰਜ ਪ੍ਰਨਾਲੀ ਨੂੰ ਸੁਧਾਰਨ ਵਾਲਾ ਯੰਤਰ ਹਨ। ਉਦਾਹਰਨ ਲਈ ਤੁਸੀਂ ਇਹਨਾਂ ਨੂੰ ਹੇਠ ਲਿਖਿਆਂ ਲਈ ਵਰਤ ਸਕਦੇ ਹੋ:

- ਟੀਮ ਮੀਟਿੰਗਾਂ 'ਤੇ ਰੋਜ਼ਾਨਾ ਕੋਡ ਚਰਚਾਵਾਂ ਨੂੰ ਸਮਰਥਨਾ ਦੇਣ ਲਈ
- ਪ੍ਰੇਰਨਾ ਦੌਰਾਨ ਅਤ ਸਟਾਫ਼ ਸਿਖਲਾਈ ਅਤੇ ਵਿਕਾਸ ਲਈ
- ਮੌਜੂਦਾ ਕਾਰਜ ਪ੍ਰਨਾਲੀ 'ਤੇ ਧਿਆਨ ਦੇਣ ਲਈ।

ਸਮਰਥਨ ਸੁਧਾਰ ਲਈ ਸਾਧਨ ਅਤੇ ਵਿਚਾਰ www.sssc.uk.com 'ਤੇ ਆਨਲਾਈਨ ਹਨ।

**ਸਮਾਜਿਕ ਸੇਵਾ ਕਰਮਚਾਰੀਆਂ ਦੇ ਮਾਲਕਾਂ ਲਈ ਕਾਰਜ ਪ੍ਰਨਾਲੀ ਦੇ ਕੋਡ**

| | |
|---|---|
| **1**: ਇੱਕ ਸਮਾਜਿਕ ਸੇਵਾ ਰੁਜ਼ਗਾਰਦਾਤਾ ਵਜੋਂ, ਤੁਹਾਨੂੰ ਲਾਜ਼ਮੀ ਤੌਰ 'ਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲੋਕ ਸਮਾਜਿਕ ਸੇਵਾ ਕਰਮਚਾਰੀ ਬਣਨ ਦੇ ਅਨੁਕੂਲ ਹਨ ਅਤੇ ਕਿ ਉਹ ਆਪਣੀਆਂ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਨੂੰ ਸਮਝਦੇ ਹਨ। | |
| **ਤੁਸੀਂ** | |
| 1.1 | ਇਹ ਯਕੀਨੀ ਬਣਾਉਣ ਲਈ ਕਿ ਕੇਵਲ ਉਚਿਤ ਅੰਦਾਜ਼ਾਂ ਅਤੇ ਗੁਣਾਂ ਵਾਲੇ, ਅਤੇ ਲੁੜੀਂਦਾ ਗਿਆਨ ਨੂੰ ਹਾਸਲ ਕਰਨ ਦੀ ਸਮਰੱਥਾ ਅਤੇ ਹੁਨਰਾਂ ਵਾਲੇ ਯੋਗ ਲੋਕ ਹੀ ਕਰਮਚਾਰੀ ਦਲ ਵਿੱਚ ਪ੍ਰਵੇਸ਼ ਕਰਦੇ ਹਨ,ਪਰਨ ਪ੍ਰਵੇਸ਼ ਪ੍ਰਕਿਰਿਆਵਾਂ ਨੂੰ ਵਰਤੋਗੇ। |
| 1.2 | ਮੁਜਰਮ ਰਿਕਾਰਡਾਂ ਅਤੇ ਰਜਿਸਟਰਾਂ ਨੂੰ ਜਾਂਚੋਗੇ ਅਤੇ ਇਹ ਮੁਲਾਂਕਣ ਕਰਦੇ ਸਮੇਂ, ਕਿ ਕੋਈ ਵਿਅਕਤੀ ਉਸ ਨੌਕਰੀ ਦੇ ਫਰਜ਼ ਨਿਭਾਉਣ ਦੇ ਸਮਰੱਥ ਹੈ ਜਿਸ ਲਈ ਉਸ ਨੂੰ ਲਈ ਚੁਣਿਆ ਗਿਆ ਹੈ, ਢੁੱਕਵੇਂ ਨਿਰਦੇਸ਼ਾਂ ਦੀ ਪਾਲਣਾ ਕਰੋਗੇ। ਤੁਹਾਨੂੰ ਇਹ ਲਾਜ਼ਮੀ ਤੌਰ ਤੇ ਉਸ ਨੂੰ ਨਿਯੁਕਤ ਕਰਨ ਤੋਂ ਪਹਿਲਾਂ ਕਰਨਾ ਚਾਹੀਦਾ ਹੈ। |
| 1.3 | ਸਮਾਜਿਕ ਸੇਵਾਵਾਂ ਵਿੱਚ ਕੰਮ ਕਰਨ ਲਈ ਕਿਸੇ ਵਿਅਕਤੀ ਦੀ ਯੋਗਤਾ ਸੰਬੰਧੀ ਜਾਣਕਾਰੀ ਸਾਂਝੀ ਕਰਨ ਲਈ ਦਰੁਸਤ ਅਤੇ ਢੁੱਕਵੇਂ ਨਿਰਦੇਸ਼ਾਂ ਲਈ ਪੁੱਛੋਗੇ ਅਤੇ ਮਹੱਈਆ ਕਰੋਗੇ। |
| 1.4 | ਕਰਮਚਾਰੀਆਂ ਨੂੰ ਉਹਨਾਂ ਦੀਆਂ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ, ਅਨੁਕੂਲ ਵਿਧਾਨ ਅਤੇ ਪਾਲਸੀਆਂ ਅਤੇ ਕਾਰਜ ਪ੍ਰਨਾਲੀਆਂ, ਜਿਨ੍ਹਾਂ ਦੀ ਉਹਨਾਂ ਨੂੰ ਉਹਨਾਂ ਦੇ ਕੰਮ ਵਿੱਚ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ, ਦੇ ਬਾਰੇ ਸਪਸ਼ਟ ਜਾਣਕਾਰੀ ਦਿਓਗੇ। |

| | |
|---|---|
| **2**: ਇੱਕ ਸਮਾਜਿਕ ਸੇਵਾ ਰੁਜ਼ਗਾਰਦਾਤਾ ਵਜੋਂ, ਤੁਹਾਡੇ ਕੋਲ ਲਾਜ਼ਮੀ ਤੌਰ 'ਤੇ ਸਮਾਜਿਕ ਸੇਵਾ ਕਰਮਚਾਰੀਆਂ ਨੂੰ ਉਹਨਾਂ ਦੀ ਕਾਰਜ ਪ੍ਰਨਾਲੀ ਦੇ ਕੋਡ ਦੇ ਸਮਰੂਪ ਹੋਣ ਵਿੱਚ ਸਮਰਥਨ ਦੇਣ ਲਈ ਉਸ ਜਗ੍ਹਾਂ ਦੀ ਸੰਸਕ੍ਰਿਤੀ ਅਤੇ ਪ੍ਰਬੰਧ ਹੋਣੇ ਚਾਹੀਦੇ ਹਨ। | |
| **ਤੁਸੀਂ** | |
| 2.1 | ਲਿਖਤੀ ਪਾਲਸੀਆਂ ਅਤੇ ਕਾਰਜ ਪ੍ਰਨਾਲੀਆਂ ਨੂੰ ਅਮਲ ਵਿੱਚ ਲਿਆਓਗੇ ਅਤੇ ਨਿਰੀਖਣ ਕਰੋਗੇ, ਵਿਸ਼ੇਸ਼ ਤੌਰ 'ਤੇ ਸੰਬੰਧਿਤ ਅਧਿਕਾਰੀ ਨੂੰ ਨੁਕਸਾਨ ਜਾਂ ਬੁਰਾ-ਭਲਾ ਕਹਿਣ ਦੇ ਦੋਸ਼ਾਂ ਨੂੰ ਰਿਪੋਰਟ ਕਰਨ ਦੇ ਬਾਰੇ। |

| | |
|---|---|
| 2.2 | ਸ੍ਰੇਸ਼ਠ ਕਾਰਜ ਪ੍ਰਨਾਲੀ ਅਤੇ ਚੰਗੇ ਆਚਰਨ ਨੂੰ ਉਤੇਜਿਤ ਕਰਨ ਲਈ ਸਮਾਜਿਕ ਸੇਵਾ ਕਰਮਚਾਰੀਆਂ ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਬੰਧਨ ਅਤੇ ਨਿਰੀਖਣ ਕਰੋਗੇ ਅਤੇ ਸਟਾਫ਼ ਨੂੰ, ਉਹਨਾਂ ਦੀ ਕਾਰਗੁਜ਼ਾਰੀ ਵਿੱਚ ਲਗਾਤਾਰ ਸੁਧਾਰ ਕਰਨ ਲਈ ਸਹਾਰਾ ਦਿਓਗੇ ਅਤੇ ਇਹ ਯਕੀਨੀ ਬਣਾਓਗੇ ਕਿ ਉਹ ਕੰਮ ਕਰਨ ਲਈ ਦਰੁਸਤ ਹਨ। |
| 2.3 | ਸਮਾਜਿਕ ਸੇਵਾ ਕਰਮਚਾਰੀਆਂ ਦੀਆਂ ਸੇਵਾਵਾਂ ਅਤੇ ਕਾਰਗੁਜ਼ਾਰੀ ਨੂੰ ਸੁਧਾਰਨ ਅਤੇ ਰੂਪ ਦੇਣ ਲਈ, ਸੇਵਾਵਾਂ ਨੂੰ ਵਰਤਣ ਵਾਲੇ ਲੋਕਾਂ, ਦੇਖਭਾਲਕਰਤਾਵਾਂ, ਅਤੇ ਹੋਰ ਸੰਬੰਧਿਤ ਲੋਕਾਂ ਤੋਂ ਫੀਡਬੈਕ ਸੁਣਨ ਲਈ ਅਤੇ ਵਿਚਾਰਨ ਲਈ ਪ੍ਰਬੰਧਾਂ ਨੂੰ ਵਿਧੀ ਵਿੱਚ ਲਿਆਓਗੇ। |
| 2.4 | ਨਾਕਾਫ਼ੀ ਸਾਧਨਾਂ ਜਾਂ ਸਮੱਸਿਆਵਾਂ ਦੀ ਸੂਚਨਾ ਦੇਣ ਲਈ, ਜਿਨ੍ਹਾਂ ਦਾ ਦੇਖਭਾਲ ਦੀ ਸਪੁਰਦਗੀ 'ਤੇ ਕੋਈ ਮਾੜਾ ਪ੍ਰਭਾਵ ਹੋ ਸਕਦਾ ਹੈ, ਸਮਾਜਿਕ ਸੇਵਾ ਕਰਮਚਾਰੀਆਂ ਲਈ ਪ੍ਰਬੰਧਾਂ ਨੂੰ ਵਿਧੀ ਵਿੱਚ ਲਿਆਓਗੇ। ਅਜਿਹੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਸਮਾਜਿਕ ਸੇਵਾ ਕਰਮਚਾਰੀਆਂ ਅਤੇ ਸੰਬੰਧਿਤ ਅਹੁਦੇਦਾਰ ਨਾਲ ਕੰਮ ਕਰੋਗੇ। |
| 2.5 | ਜਦੋਂ ਕਰਮਚਾਰੀ ਮਹਿਸੂਸ ਕਰਦੇ ਹਨ ਕਿ ਕੰਮ ਦੀਆਂ ਕਾਰਜ ਪ੍ਰਨਾਲੀਆਂ ਕਿਸੇ ਕਾਰਨ ਕਰਕੇ ਅਨਉਚਿਤ ਜਾਂ ਅਸੁਰੱਖਿਅਤ ਹਨ, ਤਾਂ ਕਰਮਚਾਰੀਆਂ ਨੂੰ ਇਹ ਪ੍ਰਗਟ ਕਰਨ ਲਈ ਸਹਾਰਾ ਦੇਣ ਲਈ ਪ੍ਰਬੰਧ ਕਰੋਗੇ। |
| 2.6 | ਸਮਾਜਿਕ ਸੇਵਾ ਕਰਮਚਾਰੀਆਂ ਨੂੰ ਉਨ੍ਹਾਂ ਦੀ ਕਾਰਜ ਪ੍ਰਨਾਲੀ ਦੇ ਕੋਡਾਂ ਵਿਚਲੇ ਪੱਧਰਾਂ ਦੇ ਸਮਰੂਪ ਹੋਣ ਲਈ ਸਹਾਰਾ ਦਿਓਗੇ ਅਤੇ ਉਨ੍ਹਾਂ ਨੂੰ ਅਜਿਹਾ ਕੁਝ ਕਰਨ ਲਈ ਨਹੀਂ ਕਹੋਗੇ, ਜੋ ਇਹ ਹੋਣ ਤੋਂ ਰੋਕ ਸਕਦੀ ਹੋਵੇ। |
| 2.7 | ਜੇਕਰ ਤੁਸੀਂ ਕਿਸੇ ਹੋਰ ਪੇਸ਼ਿਆਂ ਦੇ ਲੋਕਾਂ ਨੂੰ ਭਰਤੀ ਕਰਦੇ ਹੋ, ਤਾਂ ਉਹਨਾਂ ਨੂੰ ਆਪਣੇ ਪੇਸ਼ਾਵਰ ਕੋਡਾਂ ਦੇ ਸਮਰੂਪ ਹੋਣ ਲਈ ਸਹਾਰਾ ਦਿਓਗੇ। |
| 2.8 | ਸਬੰਧਿਤ ਅਧਿਕਾਰੀ ਨੂੰ ਉਹਨਾਂ ਕਰਮਚਾਰੀਆਂ ਦੀ ਰਿਪੋਰਟ ਕਰੋਗੇ ਜਿਨ੍ਹਾਂ ਕੰਮ ਕਰਨ ਦੀ ਦਰੁਸਤਤਾ ਅਸਮਰਥ ਹੋ ਸਕਦੀ ਹੋਵੇ । |

| | |
|---|---|
| **3:** ਇੱਕ ਸਮਾਜਿਕ ਸੇਵਾ ਰੁਜ਼ਗਾਰਦਾਤਾ ਵਜੋਂ, ਤੁਹਾਨੂੰ ਲਾਜ਼ਮੀ ਤੌਰ 'ਤੇ ਸਮਾਜਿਕ ਸੇਵਾ ਕਰਮਚਾਰੀਆਂ ਨੂੰ ਉਹਨਾਂ ਦੇ ਹੁਨਰਾਂ ਅਤੇ ਗਿਆਨ ਨੂੰ ਮਜ਼ਬੂਤ ਬਣਾਉਣ ਅਤੇ ਉਹਨਾਂ ਦਾ ਵਿਕਾਸ ਕਰਨ ਦੇ ਯੋਗ ਬਣਾਉਣ ਲਈ ਸਿਖਲਾਈ ਅਤੇ ਵਿਕਾਸ ਅਵਸਰਾਂ ਨੂੰ ਮੁਹੱਈਆ ਕਰਨਾ ਚਾਹੀਦਾ ਹੈ। | |
| **ਤੁਸੀਂ** | |
| 3.1 | ਸਮਾਜਿਕ ਸੇਵਾ ਕਰਮਚਾਰੀਆਂ ਨੂੰ ਉਹਨਾਂ ਦੇ ਕੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਲਈ ਅਤੇ ਨਵੀਂਆਂ ਅਤੇ ਬਦਲਦੀਆਂ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਲਈ ਤਿਆਰ ਕਰਨ ਲਈ ਚੰਗੀ ਗੁਣਵੱਤਾ ਵਾਲੀ ਪ੍ਰੇਰਨਾ, ਸਿਖਲਾਈ ਅਤੇ ਵਿਕਾਸ ਅਵਸਰਾਂ ਨੂੰ ਮੁਹੱਈਆ ਕਰੋਗੇ। |
| 3.2 | ਕੰਮ ਕਰਨ ਦੇ ਸਥਾਨਾਂ ਦੇ ਪ੍ਰਭਾਵਸ਼ਾਲੀ ਮੁਲਾਂਕਣਾਂ ਅਤੇ ਕਾਰਜ ਪ੍ਰਨਾਲੀ ਦੀ ਸਿਖਲਾਈ ਸਮੇਤ, ਸਮਾਜਿਕ ਦੇਖ-ਭਾਲ ਅਤੇ ਸਮਾਜਿਕ ਕੰਮ ਦੀ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਨ ਵਿੱਚ ਯੋਗਦਾਨ ਪਾਓਗੇ। |
| 3.3 | ਉਸ ਸਟਾਫ਼ ਦਾ ਸਮਰਥਨ ਕਰੋਗੇ ਜਿਸ ਨੂੰ ਰਜਿਸਟ੍ਰੇਸ਼ਨ ਅਤੇ ਪੇਸ਼ਾਵਰ ਵਿਕਾਸ ਨੂੰ ਜਾਰੀ ਰੱਖਣ ਦੀ ਮੰਗ ਦੀਆਂ ਸ਼ਰਤਾਂ ਦੇ ਸਮਰੂਪ ਹੋਣ ਲਈ ਸਾਡੇ ਨਾਲ ਰਜਿਸਟਰ ਹੋਣ ਦੀ ਜ਼ਰੂਰਤ ਹੈ। |
| 3.4 | ਉਹਨਾਂ ਸਮਾਜਿਕ ਸੇਵਾ ਕਰਮਚਾਰੀਆਂ ਨੂੰ ਉਚਿਤ ਢੰਗ ਨਾਲ ਜਵਾਬ ਦੇਵੋਗੇ, ਜਿਨ੍ਹਾਂ ਨੂੰ ਸਮਰਥਨ ਦੀ ਲੋੜ ਹੈ ਕਿਉਂਕਿ ਉਹ ਆਪਣੇ ਕੰਮ ਨੂੰ ਕਰਨ ਲਈ, ਯੋਗ ਜਾਂ ਚੰਗੀ ਤਰ੍ਹਾਂ ਤਿਆਰ ਹੋਣ ਦੇ ਕਾਬਲ ਨਹੀਂ ਮਹਿਸੂਸ ਕਰਦੇ। |
| 3.5 | ਸਮਾਜਿਕ ਸੇਵਾ ਕਰਮਚਾਰੀਆਂ ਨੂੰ ਵਿਚਾਰਾਤਮਕ ਕਾਰਜ ਪ੍ਰਨਾਲੀ ਦੇ ਰਾਹੀਂ ਵਿਕਾਸ ਅਤੇ ਸੁਧਾਰ ਕਰਨ ਲਈ ਸਮਰਥਨ ਪ੍ਰਦਾਨ ਕਰਨ ਲਈ ਪ੍ਰਭਾਵਸ਼ਾਲੀ, ਰੋਜ਼ਾਨਾ ਦੇਖ-ਭਾਲ ਪ੍ਰਦਾਨ ਕਰੋਗੇ। |
| **4:** ਇੱਕ ਸਮਾਜਿਕ ਸੇਵਾ ਰੁਜ਼ਗਾਰਦਾਤਾ ਵਜੋਂ, ਤੁਹਾਡੇ ਕੋਲ ਲਾਜ਼ਮੀ ਤੌਰ 'ਤੇ ਸੇਵਾਵਾਂ ਅਤੇ ਦੇਖਭਾਲਕਰਤਾਵਾਂ ਨੂੰ ਵਰਤਣ ਵਾਲੇ ਲੋਕਾਂ ਦੀ ਸੁਰੱਖਿਆ ਕਰਨ ਲਈ, ਅਤੇ ਸਮਾਜਿਕ ਸੇਵਾ ਕਰਮਚਾਰੀਆਂ ਨੂੰ ਸਹਾਰਾ ਦੇਣ ਲਈ ਲਿਖਤੀ ਪਾਲਸੀਆਂ ਅਤੇ ਕਾਰਜ ਪ੍ਰਨਾਲੀਆਂ ਟਿਕਾਣੇ 'ਤੇ ਹੋਣੀਆਂ ਚਾਹੀਦੀਆਂ ਹਨ। | |
| **ਤੁਸੀਂ** | |
| 4.1 | ਸਮਾਜਿਕ ਸੇਵਾ ਕਰਮਚਾਰੀਆਂ ਨੂੰ ਸਪਸ਼ਟ ਕਰੋਗੇ ਕਿ ਧਮਕਾਉਣਾ, ਪਰੇਸ਼ਾਨ ਕਰਨਾ ਜਾਂ ਕਿਸੇ ਹੋਰ ਤਰ੍ਹਾਂ ਦਾ ਵਿਤਕਰਾ, ਮੰਨਣਯੋਗ ਨਹੀਂ ਹੈ ਅਤੇ ਅਜਿਹੇ ਵਰਤਾਅ ਦੇ ਨਾਲ ਨਜਿੱਠਣ ਲਈ ਕਾਰਵਾਈ ਕਰੋਗੇ। |
| 4.2 | ਹੇਠ ਲਿਖੀਆਂ ਚੀਜ਼ਾਂ ਰਿਪੋਰਟ ਕਰਨ ਲਈ ਸਮਾਜਿਕ ਸੇਵਾ ਕਰਮਚਾਰੀਆਂ ਦੇ ਲਈ ਕਾਰਜ |

| | |
|---|---|
| | ਪ੍ਰਨਾਲੀਆਂ ਨੂੰ ਵਿਧੀ ਵਿੱਚ ਲਿਆਓਗੇ:<br><br>• ਜਦੋਂ ਕਿਸੇ ਸਹਿਕਰਮੀ ਦੀ ਕੰਮ ਕਰਨ ਦੀ ਦਰੁਸਤਤਾ ਅਸਮਰਥ ਹੋ ਸਕਦੀ ਹੋਵੇ<br>• ਸ਼ੋਸ਼ਣ ਜਾਂ ਕੋਈ ਖਤਰਨਾਕ, ਪੱਖਪਾਤੀ ਜਾਂ ਅਸ਼ਲੀਲ ਵਰਤਾਅ ਜਾਂ ਕਾਰਜ<br>• ਜਦੋਂ ਦੇਖ-ਭਾਲ ਨੇ ਸਰੀਰਕ, ਭਾਵਾਤਮਿਕ, ਆਰਥਿਕ ਜਾਂ ਪਦਾਰਥਕ ਹਾਨੀ ਜਾਂ ਨੁਕਸਾਨ ਕਰ ਦਿੱਤਾ ਹੋਵੇ ਜਾਂ ਕਰ ਸਕਦੀ ਹੋਵੇ। |
| 4.3 | ਸਮਾਜਿਕ ਸੇਵਾ ਕਰਮਚਾਰੀਆਂ ਦੀਆਂ ਰਿਪੋਰਟਾਂ ਅਤੇ ਦੋਸ਼ਾਂ ਨਾਲ ਤੁਰੰਤ, ਪ੍ਰਭਾਵਸ਼ਾਲੀ ਅਤੇ ਸਪਸ਼ਟ ਰੂਪ ਵਿੱਚ ਨਜਿੱਠੋਗੇ। |
| 4.4 | ਸਮਾਜਿਕ ਸੇਵਾ ਕਰਮਚਾਰੀਆਂ ਅਤੇ ਸੇਵਾਵਾਂ ਅਤੇ ਦੇਖਭਾਲਕਰਤਾਵਾਂ ਨੂੰ ਵਰਤਣ ਵਾਲੇ ਲੋਕਾਂ ਨੂੰ ਸਪਸ਼ਟ ਕਰੋਗੇ ਕਿ ਹਿੰਸਾ, ਧਮਕੀਆਂ ਅਤੇ ਦੁਰਵਿਹਾਰ ਮੰਨਣਯੋਗ ਨਹੀਂ ਹਨ। ਹਿੰਸਾ ਦੇ ਖ਼ਤਰੇ ਨੂੰ ਘਟਾਉਣ ਅਤੇ ਹਿੰਸਾਤਮਿਕ ਘਟਨਾਵਾਂ ਨੂੰ ਸੰਭਾਲਨ ਲਈ ਸਪਸ਼ਟ ਪਾਲਸੀਆਂ ਅਤੇ ਕਾਰਜ ਪ੍ਰਨਾਲੀਆਂ ਨੂੰ ਲਿਆਓਗੇ। |
| 4.5 | ਉਹਨਾਂ ਸਮਾਜਿਕ ਸੇਵਾ ਕਰਮਚਾਰੀਆਂ ਦਾ ਸਮਰਥਨ ਕਰੋਗੇ ਜੋ ਆਪਣੇ ਕੰਮ ਵਿੱਚ ਸੱਟਾਂ ਜਾਂ ਹਿੰਸਾ ਮਹਿਸੂਸ ਕਰਦੇ ਹਨ। |
| 4.6 | ਉਹਨਾਂ ਲਿਖਤੀ ਪਾਲਸੀਆਂ ਅਤੇ ਕਾਰਜ ਪ੍ਰਨਾਲੀਆਂ ਨੂੰ ਕਾਰਵਾਈ ਵਿੱਚ ਲਿਆਓਗੇ ਜੋ ਕਰਮਚਾਰੀਆਂ ਦੀ ਖੈਰੀਅਤ ਅਤੇ ਸਮਾਨਤਾ ਨੂੰ ਉਤੇਜਿਤ ਕਰਦੇ ਹਨ ਅਤੇ ਵਿਭਿੰਨਤਾ ਦਾ ਸਤਿਕਾਰ ਕਰਦੇ ਹਨ। |
| 4.7 | ਉਹਨਾਂ ਸਮਾਜਿਕ ਸੇਵਾ ਕਰਮਚਾਰੀਆਂ ਨੂੰ ਉਚਿਤ ਸਮਰਥਨ ਪ੍ਰਦਾਨ ਕਰੋਗੇ ਜਿਨ੍ਹਾਂ ਦੀ ਕੰਮ ਕਰਨ ਦੀ ਦਰੁਸਤਤਾ ਅਸਮਰਥ ਹੋ ਸਕਦੀ ਹੋਵੇ ਅਤੇ ਉਹਨਾਂ ਦੁਆਰਾ ਸਹਾਰਾ ਜਾਂ ਇਲਾਜ ਲੈਂਦੇ ਦੌਰਾਨ, ਉਹਨਾਂ ਦੇ ਕੰਮ ‘ਤੇ ਕਿਸੇ ਵੀ ਹੱਦਾਂ ਬਾਰੇ ਸਪਸ਼ਟ ਅਗਵਾਈ ਦਵੋਗੇ। ਇੰਝ ਕਰਦੇ ਹੋਏ, ਤੁਹਾਨੂੰ ਇਹ ਲਾਜ਼ਮੀ ਤੌਰ ‘ਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੇਵਾਵਾਂ ਨੂੰ ਵਰਤਣ ਵਾਲੇ ਲੋਕਾਂ ਦੀ ਦੇਖ-ਭਾਲ ਅਤੇ ਸੁਰੱਖਿਆ ਤੁਹਾਡੀ ਪ੍ਰਾਥਮਿਕਤਾ ਹੈ। |
| 4.8 | ਯਕੀਨੀ ਬਣਾਓਗੇ ਕਿ ਜਿੱਥੇ ਦੇਖ-ਭਾਲ ਨੇ ਸਰੀਰਕ, ਭਾਵਾਤਮਿਕ, ਆਰਥਿਕ ਜਾਂ ਪਦਾਰਥਕ ਹਾਨੀ ਜਾਂ ਨੁਕਸਾਨ ਕਰ ਦਿੱਤਾ ਜਾਂ ਕਰ ਸਕਦੀ ਹੋਵੇ, ਇਹ ਉਚਿਤ ਅਹੁਦੇਦਾਰਾਂ ਨੂੰ ਰਿਪੋਰਟ ਕੀਤਾ ਜਾਂਦਾ ਹੈ। |

| | |
|---|---|
| **5:** ਇੱਕ ਸਮਾਜਿਕ ਸੇਵਾ ਰੁਜ਼ਗਾਰਦਾਤਾ ਵਜੋਂ, ਤੁਹਾਨੂੰ ਲਾਜ਼ਮੀ ਤੌਰ 'ਤੇ ਸਮਾਜਿਕ ਸੇਵਾ ਕਰਮਚਾਰੀਆਂ ਦੇ ਕਾਰਜ ਪ੍ਰਨਾਲੀ ਦੇ ਕੋਡਾਂ ਦਾ ਉਹਨਾ ਲੋਕਾਂ ਤੱਕ ਪ੍ਰਚਾਰ ਅਤੇ ਸਮਰਥਨ ਕਰਨ ਚਾਹੀਦਾ ਹੈ, ਜੋ ਸੇਵਾਵਾਂ ਅਤੇ ਦੇਖਭਾਲਕਰਤਾਵਾਂ ਨੂੰ ਵਰਤਦੇ ਹਨ ਅਤੇ ਸਾਡੀਆਂ ਕਾਰਵਾਈਆਂ ਵਿੱਚ ਸਾਨੂੰ ਸਹਿਯੋਗ ਦਿੰਦੇ ਹਨ। | |
| **ਤੁਸੀਂ** | |
| 5.1 | ਸਮਾਜਿਕ ਸੇਵਾ ਕਰਮਚਾਰੀਆਂ ਨੂੰ ਸਮਾਜਿਕ ਸੇਵਾ ਕਰਮਚਾਰੀਆਂ ਦੇ ਮਾਲਕਾਂ ਦੀ ਕਾਰਜ ਪ੍ਰਨਾਲੀ ਦੇ ਇਸ ਕੋਡ ਅਤੇ ਤੁਹਾਡੀ ਇਸ ਦੇ ਧਿਆਨ ਰੱਖਣ ਦੀ ਜ਼ੁੰਮੇਵਾਰੀ ਬਾਰੇ ਸੂਚਿਤ ਕਰੋਗੇ। |
| 5.2 | ਸਮਾਜਿਕ ਸੇਵਾ ਕਰਮਚਾਰੀਆਂ ਨੂੰ ਸਮਾਜਿਕ ਸੇਵਾ ਕਰਮਚਾਰੀਆਂ ਦੇ ਲਈ ਕਾਰਜ ਪ੍ਰਨਾਲੀ ਦੇ ਕੋਡ ਅਤੇ ਉਹਨਾਂ ਵੱਲੋਂ ਇਸ ਦਾ ਧਿਆਨ ਰੱਖਣ ਦੀ ਜ਼ੁੰਮੇਵਾਰੀ ਬਾਰੇ ਸੂਚਿਤ ਕਰੋਗੇ। |
| 5.3 | ਸੇਵਾਵਾਂ ਅਤੇ ਦੇਖਭਾਲਕਰਤਾਵਾਂ ਨੂੰ ਵਰਤਣ ਵਾਲੇ ਲੋਕਾਂ ਨੂੰ ਸਮਾਜਿਕ ਸੇਵਾ ਕਰਮਚਾਰੀਆਂ ਅਤੇ ਮਾਲਕਾਂ ਦੇ ਲਈ ਕਾਰਜ ਪ੍ਰਨਾਲੀ ਦੇ ਕੋਡਾਂ ਬਾਰੇ, ਸਚੇਤ ਕਰਾਓਗੇ।<br><br>ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਸੂਚਿਤ ਕਰੋਗੇ ਕਿ ਕੋਡਾਂ ਨਾਲ ਸੰਬੰਧਿਤ ਮੁੱਦਿਆਂ ਨੂੰ ਕਿਵੇਂ ਉਠਾਉਣਾ ਹੈ, ਜਿਨ੍ਹਾਂ ਵਿੱਚ, ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ ਅਤੇ ਇਸਦੇ ਨਤੀਜੇ ਵਜੋਂ ਕਿਸੇ ਵੀ ਕਾਰਵਾਈ ਨਾਲ ਸਹਿਯੋਗ ਕਿਵੇਂ ਕਰਨਾ ਹੈ, ਵੀ ਸ਼ਾਮਲ ਹਨ। |
| 5.4 | ਕਿਸੇ ਕਰਮਚਾਰੀ ਦੀ ਕੰਮ ਕਰਨ ਦੀ ਦਰੁਸਤਤਾ ਨਾਲ ਸੰਬੰਧਿਤ ਕੋਈ ਵੀ ਫ਼ੈਸਲਾ ਲੈਣ ਸਮੇਂ ਸਮਾਜਿਕ ਸੇਵਾ ਕਰਮਚਾਰੀਆਂ ਦੇ ਲਈ ਕਾਰਜ ਪ੍ਰਨਾਲੀ ਦੇ ਕੋਡ ਦਾ ਹਿਸਾਬ ਲਵੋਗੇ। |
| 5.5 | SSSC ਕੋਲ ਕਿਸੇ ਕਰਮਚਾਰੀ ਬਾਰੇ ਰੈਫਰਲ ਕਰਨ ਲੱਗੇ, ਜਿਸ ਦੀ ਕੰਮ ਕਰਨ ਦੀ ਦਰੁਸਤਤਾ ਅਸਮਰਥ ਹੋ ਸਕਦੀ ਹੈ, ਅਗਵਾਈ ਦੀ ਪਾਲਣਾ ਕਰੋ। ਜੇਕਰ ਉਚਿਤ ਹੋਵੇ, ਤਾਂ ਕਰਮਚਾਰੀ ਨੂੰ ਦੱਸ ਦਓ ਕਿ ਤੁਸੀਂ ਇੱਕ ਰੈਫਰਲ ਕਰ ਦਿੱਤਾ ਹੈ। |
| 5.6 | SSSC ਅਤੇ ਹੋਰ ਅਹੁਦੇਦਾਰਾਂ ਦੀਆਂ ਜਾਂਚਾਂ ਨਾਲ ਸਹਿਯੋਗ ਕਰੋਗੇ, ਜਿਨ੍ਹਾਂ ਵਿੱਚ ਦਸਤਾਵੇਜ਼ਾਂ ਨੂੰ ਪ੍ਰਦਾਨ ਕਰਨਾ, ਸੁਣਵਾਈਆਂ ਵਿੱਚ ਸ਼ਾਮਲ ਹੋਣਾ ਅਤੇ ਫ਼ੈਸਲਿਆਂ ਅਤੇ ਖੋਜਾਂ ਦਾ ਜਵਾਬ ਦੇਣਾ ਸ਼ਾਮਲ ਹਨ। |
| 5.7 | ਸਮਾਜਿਕ ਸੇਵਾ ਕਰਮਚਾਰੀਆਂ ਨੂੰ SSSC ਅਤੇ ਹੋਰ ਅਹੁਦੇਦਾਰਾਂ ਦੀਆਂ ਜਾਂਚਾਂ ਦੇ ਨਾਲ ਸਹਿਯੋਗ ਕਰਨ ਲਈ ਯੋਗ ਬਣਾਓਗੇ ਅਤੇ ਸਮਰਥਨ ਦਿਓਗੇ (ਉਦਾਹਰਨ ਲਈ, ਗਵਾਹੀ ਦੇ ਬਿਆਨ, ਦਸਤਾਵੇਜ਼ ਜਾਂ ਹੋਰ ਜਾਣਕਾਰੀ ਪ੍ਰਦਾਨ ਕਰਨਾ ਅਤੇ, ਜਿੱਥੇ ਉਚਿਤ ਹੋਵੇ, ਸੁਣਵਾਈਆਂ ਵਿੱਚ ਸ਼ਾਮਲ ਹੋਣਾ)। |

**ਸਮਾਜਿਕ ਸੇਵਾ ਕਰਮਚਾਰੀਆਂ ਲਈ ਕਾਰਜ ਪ੍ਰਨਾਲੀ ਦੇ ਕੋਡ**

| | |
|---|---|
| **1:** ਇੱਕ ਸਮਾਜਿਕ ਸੇਵਾ ਕਰਮਚਾਰੀ ਵਜੋਂ, ਮੈਨੂੰ ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਵਾਲੇ ਲੋਕਾਂ ਦੇ ਅਧਿਕਾਰਾਂ ਅਤੇ ਦਿਲਚਸਪੀਆਂ ਦੀ ਲਾਜ਼ਮੀ ਤੌਰ 'ਤੇ ਰੱਖਿਆ ਅਤੇ ਉਤੇਜਨਾ ਕਰਨੀ ਚਾਹੀਦੀ ਹੈ। | |
| **ਮੈਂ** | |
| 1.1 | ਹਰੇਕ ਵਿਅਕਤੀ ਨਾਲ ਵਿਅਕਤੀਗਤ ਤੌਰ 'ਤੇ ਵਿਹਾਰ ਕਰਾਂਗਾ। |
| 1.2 | ਸਤਿਕਾਰ ਕਰਾਂਗਾ ਅਤੇ, ਜਿੱਥੇ ਉਚਿਤ ਹੋਵੇ, ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਵਿਚਾਰਾਂ ਅਤੇ ਕਾਮਨਾਵਾਂ ਨੂੰ ਉਤੇਜਿਤ ਕਰਾਂਗਾ। |
| 1.3 | ਉਹਨਾਂ ਲੋਕਾਂ ਦੇ ਅਧਿਕਾਰਾਂ ਦਾ ਸਮਰਥਨ ਕਰਾਂਗਾ ਜੋ ਆਪਣੀਆਂ ਜ਼ਿੰਦਗੀਆਂ ਨੂੰ ਨਿਯੰਤਰਿਤ ਕਰਨ ਲਈ ਸੇਵਾਵਾਂ ਦੀ ਵਰਤੋਂ ਕਰਦੇ ਹਨ ਅਤੇ ਉਹਨਾਂ ਵੱਲੋਂ ਵਰਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਸੂਚਿਤ ਚੋਣਾਂ ਕਰਦੇ ਹਨ। |
| 1.4 | ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦਾ ਸਤਿਕਾਰ ਕਰਾਂਗਾ ਅਤੇ ਉਹਨਾਂ ਦੀ ਸ਼ਾਨ ਨੂੰ ਬਣਾਈ ਰੱਖਾਂਗਾ। |
| 1.5 | ਅਜਿਹੇ ਢੰਗ ਨਾਲ ਕੰਮ ਕਰਾਂਗਾ ਜੋ ਵਿਭਿੰਨਤਾ ਨੂੰ ਉਤੇਜਿਤ ਕਰੇ ਅਤੇ ਵਿਭਿੰਨ ਸੱਭਿਆਚਾਰਾਂ ਅਤੇ ਮੁੱਲਾਂ ਦਾ ਸਤਿਕਾਰ ਕਰੇ। |

| | |
|---|---|
| **2:** ਇੱਕ ਸਮਾਜਿਕ ਸੇਵਾ ਕਰਮਚਾਰੀ ਵਜੋਂ, ਮੈਂ ਲਾਜ਼ਮੀ ਤੌਰ 'ਤੇ ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦਾ ਵਿਸ਼ਵਾਸ ਅਤੇ ਯਕੀਨ ਬਣਾਵਾਂਗਾ ਅਤੇ ਉਸ ਨੂੰ ਕਾਇਮ ਰੱਖਾਂਗਾ। | |
| **ਮੈਂ** | |
| 2.1 | ਸੱਚਾ, ਸਾਫ਼ ਦਿਲੀ, ਇਮਾਨਦਾਰ ਅਤੇ ਭਰੋਸੇਯੋਗ ਰਹਾਂਗਾ। |
| 2.2 | ਇੱਕ ਉਚਿਤ, ਸਪਸ਼ਟ, ਸਟੀਕ ਅਤੇ ਸਰਲ ਢੰਗ ਨਾਲ ਵਾਰਤਾਲਾਪ ਕਰਾਂਗਾ। |
| 2.3 | ਗੁਪਤ ਜਾਣਕਾਰੀ ਦਾ ਸਤਿਕਾਰ ਕਰਾਂਗਾ ਅਤੇ ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਆਪਣੇ ਮਾਲਕ ਦੀ ਪਾਲਸੀ ਦੀ ਗੁਪਤਤਾ ਬਾਰੇ ਸਪਸ਼ਟਤਾ ਨਾਲ ਸਮਝਾਵਾਂਗਾ। |
| 2.4 | ਭਰੋਸੇਯੋਗ ਅਤੇ ਇਤਬਾਰਯੋਗ ਰਹਾਂਗਾ। |

| | |
|---|---|
| 2.5 | ਕੰਮ ਪ੍ਰਤੀ ਵਚਨਬੱਧਤਾਵਾਂ, ਇਕਰਾਰਨਾਮਿਆਂ ਅਤੇ ਪ੍ਰਬੰਧਾਂ ਦਾ ਆਦਰ ਕਰਾਂਗਾ ਅਤੇ, ਜਦੋਂ ਇੰਝ ਕਰਨਾ ਸੰਭਵ ਨਹੀਂ ਹੋਵੇਗਾ, ਤਾਂ ਮੈਂ ਸੇਵਾਵਾਂ, ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਅਤੇ ਆਪਣੇ ਮਾਲਕ ਨੂੰ ਇਸ ਦਾ ਕਾਰਨ ਦੱਸਾਂਗਾ। |
| 2.6 | ਉਹਨਾਂ ਮੁੱਦਿਆਂ ਦੀ ਘੋਸ਼ਣਾ ਕਰਾਂਗਾ ਜੋ ਵਿਆਜ ਦੇ ਝਗੜਿਆਂ ਨੂੰ ਉਤਪੰਨ ਕਰ ਸਕਦੇ ਹੋਣ ਅਤੇ ਯਕੀਨੀ ਬਣਾਵਾਂਗਾ ਕਿ ਉਹ ਮੇਰੇ ਫ਼ੈਸਲੇ ਜਾਂ ਕਾਰਜ ਪ੍ਰਨਾਲੀ ਨੂੰ ਪ੍ਰਭਾਵਿਤ ਨਹੀਂ ਕਰਦੇ। |
| 2.7 | ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਤੋਂ ਉਪਹਾਰ ਅਤੇ ਪੈਸੇ ਸਵੀਕਾਰ ਕਰਨ ਬਾਰੇ ਪਾਲਸੀਆਂ ਅਤੇ ਕਾਰਜ ਪ੍ਰਨਾਲੀਆਂ ਦਾ ਪਾਬੰਦ ਰਹਾਂਗਾ। |

| **3:** ਇੱਕ ਸਮਾਜਿਕ ਸੇਵਾ ਕਰਮਚਾਰੀ ਵਜੋਂ, ਮੈਨੂੰ, ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਖ਼ਤਰੇ ਅਤੇ ਹਾਨੀ ਤੋਂ ਜਿੰਨੀ ਸੰਭਵ ਹੋ ਸਕੇ, ਰੱਖਿਆ ਕਰਦੇ ਹੋਏ, ਉਹਨਾਂ ਦੀ ਸੁਤੰਤਰਤਾ ਨੂੰ ਲਾਜ਼ਮੀ ਤੌਰ 'ਤੇ ਵਧਾਵਾ ਦੇਣਾ ਚਾਹੀਦਾ ਹੈ। | |
|---|---|
| **ਮੈਂ** | |
| 3.1 | ਉਹਨਾਂ ਲੋਕਾਂ ਦੀ ਸੁਤੰਤਰਤਾ ਨੂੰ ਉਤੇਜਿਤ ਕਰਾਂਗਾ ਜੋ ਸੇਵਾਵਾਂ ਦੀ ਵਰਤੋਂ ਕਰਦੇ ਹਨ ਅਤੇ ਇਹਨਾ ਨੂੰ ਆਪਣੇ ਅਧਿਕਾਰਾਂ ਨੂੰ ਸਮਝਣ ਅਤੇ ਉਹਨਾਂ ਦੀ ਵਰਤੋਂ ਕਰਨ ਲਈ ਸਮਰੱਥ ਬਣਾਉਂਦੇ ਹਨ। |
| 3.2 | ਹਾਨੀ ਦੇ ਦੋਸ਼ਾਂ ਦੀ ਰਿਪੋਰਟ ਕਰਨ ਲਈ ਪ੍ਰਮਾਣਿਤ ਪ੍ਰਕਿਰਿਆਵਾਂ ਅਤੇ ਕਾਰਜ ਪ੍ਰਨਾਲੀਆਂ ਦੀ ਵਰਤੋਂ ਕਰਾਂਗਾ।<br><br>ਦੁਰਉਪਯੋਗ ਅਤੇ ਕੋਈ ਖਤਰਨਾਕ, ਅਸ਼ਲੀਲ ਜਾਂ ਪੱਖਪਾਤੀ ਵਰਤਾਅ ਜਾਂ ਵਿਹਾਰ ਦਾ ਇਤਰਾਜ਼ ਕਰਾਂਗਾ ਅਤੇ ਇਸ ਨੂੰ ਰਿਪੋਰਟ ਕਰਾਂਗਾ। |
| 3.3 | ਉਹਨਾਂ ਵਿਹਾਰਾਂ ਅਤੇ ਕਾਰਜ ਪ੍ਰਨਾਲੀਆਂ ਦੀ ਪਾਲਣਾ ਕਰਾਂਗਾ ਜੋ ਮੈਨੂੰ ਅਤੇ ਹੋਰ ਲੋਕਾਂ ਨੂੰ ਕੰਮ 'ਤੇ ਹਿੰਸਾਤਮਿਕ ਅਤੇ ਅਸ਼ਲੀਲ ਵਰਤਾਅ ਤੋਂ ਰੱਖਿਆ ਕਰਨ ਲਈ ਬਣਾਈਆਂ ਗਈਆਂ ਹਨ। |
| 3.4 | ਆਪਣੇ ਮਾਲਕ, ਜਾਂ ਉਚਿਤ ਅਹੁਦੇਦਾਰ, ਨੂੰ ਕੋਈ ਵੀ ਉਪਾਅ ਕਰਨ ਜਾਂ ਸੰਚਾਲਨ ਕਰਨ ਦੀਆਂ ਮੁਸ਼ਕਿਲਾਂ ਬਾਰੇ ਦੱਸਾਂਗਾ ਜੋ ਕਿ ਦੇਖ-ਭਾਲ ਪ੍ਰਦਾਨ ਕਰਨ ਦੇ ਢੰਗ ਵਿੱਚ ਪੈ ਸਕਦੀਆਂ ਹਨ। |
| 3.5 | ਆਪਣੇ ਮਾਲਕ, ਜਾਂ ਉਚਿਤ ਅਹੁਦੇਦਾਰ, ਨੂੰ ਦੱਸਾਂਗਾ ਜਦੋਂ ਕਿਸੇ ਸਹਿਕਰਮੀ ਦੀ ਕੰਮ ਕਰਨ ਦੀ ਦਰੁਸਤਤਾ ਅਸਮਰਥ ਹੋ ਸਕਦੀ ਹੋਵੇ। |

| | |
|---|---|
| 3.6 | ਆਪਣੇ ਮਾਲਕ, ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨਾਲ ਸਪਸ਼ਟ ਅਤੇ ਇਮਾਨਦਾਰ ਰਹਾਂਗਾ, ਜਦੋਂ ਦੇਖ-ਭਾਲ ਨੇ ਸਰੀਰਕ, ਭਾਵਾਤਮਿਕ, ਆਰਥਿਕ ਜਾਂ ਪਦਾਰਥਕ ਹਾਨੀ ਜਾਂ ਨੁਕਸਾਨ ਕਰ ਦਿੱਤਾ ਹੋਵੇ ਜਾਂ ਕਰ ਸਕਦੀ ਹੋਵੇ। |
| 3.7 | ਆਪਣੇ ਮਾਲਕ, SSSC ਜਾਂ ਕਿਸੇ ਹੋਰ ਅਹੁਦੇਦਾਰ ਦੁਆਰਾ ਆਪਣੀ ਜਾਂ ਦੂਜਿਆਂ ਦੀ ਕੰਮ ਕਰਨ ਦੀ ਦਰੁਸਤਤਾ ਦੀਆਂ ਜਾਂਚਾਂ ਨਾਲ ਸਹਿਯੋਗ ਕਰਾਂਗਾ। ਇਸ ਵਿੱਚ ਸੁਣਵਾਈਆਂ ਵਿੱਚ ਸ਼ਾਮਲ ਹੋਣਾ ਅਤੇ ਗਵਾਹ ਦੇ ਬਿਆਨ, ਦਸਤਾਵੇਜ਼ ਜਾਂ ਹੋਰ ਜਾਣਕਾਰੀ ਪ੍ਰਦਾਨ ਕਰਨਾ ਸ਼ਾਮਲ ਹੋ ਸਕਦਾ ਹੈ। |
| 3.8 | ਆਪਣੇ ਮਾਲਕ ਦੀਆਂ ਸਿਹਤ ਅਤੇ ਸੁਰੱਖਿਆ ਪਾਲਸੀਆਂ ਪ੍ਰਤੀ ਪਾਬੰਦ ਰਹਾਂਗਾ ਜਿਨ੍ਹਾਂ ਵਿੱਚ ਵਸਤੂ ਦੀ ਦੁਰਵਰਤੋਂ ਨਾਲ ਸੰਬੰਧਿਤ ਪਾਲਸੀਆਂ ਸ਼ਾਮਲ ਹਨ। |
| 3.9 | ਸ਼ਿਕਾਇਤਾਂ ਕਰਨ ਲਈ ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਯੋਗ ਬਣਾਵਾਂਗਾ।<br><br>ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਵਾਂਗਾ ਅਤੇ ਜਾਂ ਤਾਂ ਉਹਨਾਂ ਦਾ ਜਵਾਬ ਦੇਵਾਂਗਾ ਜਾਂ ਫਿਰ ਉਹਨਾਂ ਨੂੰ ਉਚਿਤ ਵਿਅਕਤੀ ਨੂੰ ਸੌਂਪ ਦੇਵਾਂਗਾ।<br><br>ਹਾਨੀ ਦਾ ਦੋਸ਼ ਹੋਣ ਸਮੇਂ ਉਚਿਤ ਕਾਰਵਾਈ ਕਰਾਂਗਾ। |
| 3.10 | ਸੇਵਾਵਾਂ ਅਤੇ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਨਾਲ ਕੰਮ ਕਰਨ ਦੌਰਾਨ ਆਪਣੀ ਤਾਕਤ ਅਤੇ ਅਧਿਕਾਰ ਨੂੰ ਪਛਾਣਾਂਗਾ ਅਤੇ ਉਸਨੂੰ ਜ਼ੁੰਮੇਵਾਰੀ ਨਾਲ ਵਰਤਾਂਗਾ। |

| | |
|---|---|
| **4:** ਇੱਕ ਸਮਾਜਿਕ ਸੇਵਾ ਕਰਮਚਾਰੀ ਵਜੋਂ, ਮੈਨੂੰ ਲਾਜ਼ਮੀ ਤੌਰ 'ਤੇ ਉਹਨਾਂ ਲੋਕਾਂ ਦੇ ਅਧਿਕਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਜੋ ਇਹ ਯਕੀਨੀ ਬਣਾਉਣ ਲਈ ਯਤਨ ਕਰਦੇ ਹੋਏ ਸੇਵਾਵਾਂ ਦੀ ਵਰਤੋਂ ਕਰਦੇ ਹਨ, ਕਿ ਉਹਨਾਂ ਦਾ ਵਰਤਾਅ ਉਹਨਾਂ ਨੂੰ ਆਪ ਨੂੰ ਜਾਂ ਹੋਰ ਲੋਕਾਂ ਦਾ ਨੁਕਸਾਨ ਨਹੀਂ ਕਰਦਾ। | |
| **ਮੈਂ** | |
| 4.1 | ਇਹ ਪਛਾਣਾਗਾਂ ਕਿ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਖ਼ਤਰੇ ਚੁੱਕਣ ਦਾ ਅਧਿਕਾਰ ਹੈ ਅਤੇ ਉਹਨਾਂ ਦਾ ਆਪਣੇ ਆਪ ਜਾਂ ਦੂਜਿਆਂ ਲਈ ਸਮਰਥਾ ਅਤੇ ਅਸਲ ਖ਼ਤਰਿਆਂ ਦੇ ਨਾਲ ਸਕਾਰਾਤਮਕ ਤਰੀਕੇ ਨਾਲ ਕੰਮ ਕਰਨ ਲਈ ਸਮਰਥਨ ਕਰਾਂਗਾ। |
| 4.2 | ਖ਼ਤਰੇ ਦੇ ਮੁਲਾਂਕਣ ਦੀਆਂ ਪਾਲਸੀਆਂ ਅਤੇ ਕਾਰਜ ਪ੍ਰਨਾਲੀਆਂ ਦੀ ਇਹ ਅਨੁਮਾਨ ਲਾਉਣ ਲਈ ਪਾਲਣਾ ਕਰਾਂਗਾ ਕਿ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕ ਖੁਦ ਨੂੰ ਜਾਂ ਦੂਜਿਆਂ ਨੂੰ ਹਾਨੀ ਦਾ ਖਤਰਾ ਪੇਸ਼ ਕਰਦੇ ਹਨ ਜਾਂ ਨਹੀਂ। |

| | |
|---|---|
| 4.3 | ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੁਆਰਾ ਖੁਦ ਨੂੰ ਜਾਂ ਦੂਸਰੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦੇ ਖ਼ਤਰਿਆਂ ਨੂੰ ਘਟਾਉਣ ਲਈ ਜ਼ਰੂਰੀ ਕਦਮ ਲਵਾਂਗਾ। |
| 4.4 | ਯਕੀਨੀ ਬਣਾਵਾਂਗਾ ਕਿ ਸੰਬੰਧਿਤ ਸਹਿਕਰਮੀ ਅਤੇ ਏਜੰਸੀਆਂ ਨੂੰ ਖ਼ਤਰੇ ਦੇ ਮੁਲਾਂਕਣਾਂ ਦੇ ਨਤੀਜਿਆਂ ਅਤੇ ਅੜਚਨਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ। |

| | |
|---|---|
| **5: ਇੱਕ ਸਮਾਜਿਕ ਸੇਵਾ ਕਰਮਚਾਰੀ ਵਜੋਂ, ਮੈਨੂੰ ਸਮਾਜਿਕ ਸੇਵਾਵਾਂ ਵਿੱਚ ਜਨਤਾ ਦੇ ਵਿਸ਼ਵਾਸ ਅਤੇ ਭਰੋਸੇ ਨੂੰ ਲਾਜ਼ਮੀ ਤੌਰ 'ਤੇ ਕਾਇਮ ਰੱਖਣਾ ਚਾਹੀਦਾ ਹੈ।** | |
| **ਮੈਂ** | |
| 5.1 | ਸੇਵਾਵਾਂ, ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਜਾਂ ਆਪਣੇ ਸਹਿਕਰਮੀਆਂ ਦੇ ਨਾਲ ਦੁਰਵਿਹਾਰ, ਨਜ਼ਰਅੰਦਾਜ਼ ਅਤੇ ਉਹਨਾਂ ਨੂੰ ਹਾਨੀ ਨਹੀਂ ਪਹੁੰਚਾਵਾਂਗਾ। |
| 5.2 | ਸੇਵਾਵਾਂ, ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਜਾਂ ਆਪਣੇ ਸਹਿਕਰਮੀਆਂ ਦਾ ਸ਼ੋਸ਼ਣ ਨਹੀਂ ਕਰਾਂਗਾ। |
| 5.3 | ਸੇਵਾਵਾਂ ਜਾਂ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਵਿਸ਼ਵਾਸ, ਜਾਂ ਉਹਨਾਂ ਦੀ ਜਾਇਦਾਦ, ਘਰ ਜਾਂ ਕੰਮ ਦੇ ਥਾਂ ਦੇ ਬਾਰੇ ਉਹਨਾਂ ਦੀ ਨਿੱਜੀ ਜਾਣਕਾਰੀ ਤੱਕ ਆਪਣੀ ਪਹੁੰਚ ਦੀ ਦੁਰਵਰਤੋਂ ਨਹੀਂ ਕਰਾਂਗਾ। |
| 5.4 | ਸੇਵਾਵਾਂ ਜਾਂ ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਨਾਲ ਅਨੁਚਿਤ ਸੰਬੰਧ ਨਹੀਂ ਬਣਾਵਾਂਗਾ। |
| 5.5 | ਸੇਵਾਵਾਂ, ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਜਾਂ ਆਪਣੇ ਸਹਿਕਰਮੀਆਂ ਦੇ ਵਿਰੁੱਧ ਵਿਤਕਰਾ ਨਹੀਂ ਕਰਾਂਗਾ। |
| 5.6 | ਸੇਵਾਵਾਂ, ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਜਾਂ ਆਪਣੇ ਸਹਿਕਰਮੀਆਂ ਵੱਲੋਂ ਕਿਸੇ ਵੀ ਵਿਤਕਰੇ ਨੂੰ ਮਾਫ਼ ਨਹੀਂ ਕਰਾਂਗਾ। |
| 5.7 | ਆਪਣੇ ਆਪ ਨੂੰ ਜਾਂ ਹੋਰ ਲੋਕਾਂ ਨੂੰ ਬੇਲੋੜੇ ਖ਼ਤਰੇ ਵਿੱਚ ਨਹੀਂ ਪਾਵਾਂਗਾ। |
| 5.8 | ਕੰਮ ਦੇ ਅੰਦਰ ਜਾਂ ਬਾਹਰ, ਇਸ ਢੰਗ ਨਾਲ ਵਰਤਾਅ ਨਹੀਂ ਕਰਾਂਗਾ ਜੋ ਕਿ ਮੇਰੀ ਸਮਾਜਿਕ ਸੇਵਾਵਾਂ ਵਿੱਚ ਕੰਮ ਕਰਨ ਦੀ ਯੋਗਤਾ ਨੂੰ ਸਵਾਲ ਵਿੱਚ ਲਿਆਏਗਾ। |

| **6:** ਇੱਕ ਸਮਾਜਿਕ ਸੇਵਾ ਕਰਮਚਾਰੀ ਵਜੋਂ, ਮੈਂ ਆਪਣੇ ਕੰਮ ਦੀ ਗੁਣਵੱਤਾ ਲਈ ਜ਼ੁੰਮੇਵਾਰ ਹਾਂ ਅਤੇ ਮੈਂ ਆਪਣਾ ਗਿਆਨ ਅਤੇ ਹੁਨਰਾਂ ਨੂੰ ਕਾਇਮ ਰੱਖਣ ਅਤੇ ਉਹਨਾਂ ਨੂੰ ਸੁਧਾਰਨ ਦੀ ਜ਼ੁੰਮੇਵਾਰੀ ਲਵਾਂਗਾ। | |
|---|---|
| **ਮੈਂ** | |
| 6.1 | ਕਾਰਜ ਪ੍ਰਨਾਲੀ ਅਤੇ ਕੰਮ ਨਾਲ ਸੰਬੰਧਿਤ ਪੱਧਰਾਂ ਦੇ ਨਾਲ ਇੱਕ ਕਨੂੰਨੀ, ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਮਰੂਪ ਹੋਵਾਂਗਾ। |
| 6.2 | ਸਪਸ਼ਟ, ਦਰੁਸਤ ਅਤੇ ਆਧੁਨਿਕ ਰਿਕਾਰਡਾਂ ਨੂੰ ਆਪਣੇ ਕੰਮ ਨਾਲ ਸੰਬੰਧਿਤ ਕਾਰਜ ਪ੍ਰਨਾਲੀਆਂ ਦੇ ਅਨੁਕੂਲ ਕਾਇਮ ਰੱਖਾਂਗਾ। |
| 6.3 | ਕਿਸੇ ਨਿਜੀ ਸਮੱਸਿਆਵਾਂ ਜੋ ਮੇਰੇ ਕੰਮ ਨੂੰ ਕਾਬਲ ਅਤੇ ਸੁਰੱਖਿਅਤ ਢੰਗ ਨਾਲ ਕਰਨ ਦੀ ਮੇਰੀ ਸਮਰੱਥਾ ਨੂੰ ਪ੍ਰਭਾਵਤ ਕਰ ਸਕਦੀਆਂ ਹਨ ਦੇ ਬਾਰੇ, ਆਪਣੇ ਮਾਲਕ ਜਾਂ ਢੁੱਕਵੇਂ ਅਹੁਦੇਦਾਰ ਨੂੰ ਦੱਸਾਂਗਾ ਅਤੇ ਕਿਸੇ ਵੀ ਚੀਜ਼ ਬਾਰੇ, ਜੋ ਮੇਰੀ ਕੰਮ ਕਰਨ ਦਰੁਸਤਤਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਦੇ ਬਾਰੇ, SSSC ਨੂੰ ਦੱਸਾਂਗਾ। |
| 6.4 | ਜੇਕਰ ਆਪਣੇ ਕੰਮ ਦੇ ਕਿਸੇ ਵੀ ਹਿੱਸੇ ਨੂੰ ਕਰਨ ਲਈ ਯੋਗ ਮਹਿਸੂਸ ਨਹੀਂ ਕਰਦਾ, ਜਾਂ ਚੰਗੀ ਤਰ੍ਹਾਂ ਤਿਆਰ ਨਹੀਂ ਹਾਂ, ਜਾਂ ਮੈਂ ਨਿਸ਼ਚਿਤ ਨਹੀਂ ਹਾਂ ਕਿ ਸ਼ੁਰੂਆਤ ਕਿਵੇਂ ਕਰਨੀ ਹੈ, ਤਾਂ ਮੈਂ ਆਪਣੇ ਮਾਲਕ ਜਾਂ ਢੁੱਕਵੇਂ ਅਹੁਦੇਦਾਰ ਤੋਂ ਸਹਾਇਤਾ ਲਈ ਪੁੱਛਾਂਗਾ। |
| 6.5 | ਸਹਿਕਰਮੀਆਂ ਨਾਲ ਸਪਸ਼ਟਤਾ ਨਾਲ ਕੰਮ ਕਰਾਂਗਾ ਅਤੇ ਉਹਨਾਂ ਨਾਲ ਸਹਿਯੋਗ ਕਰਾਂਗਾ ਅਤੇ ਉਹਨਾਂ ਦਾ ਸਤਿਕਾਰ ਨਾਲ ਸਲੂਕ ਕਰਾਂਗਾ। |
| 6.6 | ਮੈਂ ਇਹ ਪਛਾਣਾਂਗਾ ਕਿ ਮੈਂ ਉਸ ਕੰਮ ਲਈ ਜ਼ੁੰਮੇਵਾਰ ਹੁੰਦਾ ਹਾਂ ਜੋ ਮੈਂ ਦੂਜਿਆਂ ਨੂੰ ਸੌਂਪਿਆ ਹੈ। |
| 6.7 | ਹੋਰ ਪੇਸ਼ਿਆਂ ਵਿੱਚੋਂ ਕਰਮਚਾਰੀਆਂ ਦੀਆਂ ਭੂਮਿਕਾਵਾਂ ਅਤੇ ਨਿਪੁੰਨਤਾ ਨੂੰ ਪਛਾਣਾਂਗਾ ਅਤੇ ਉਹਨਾਂ ਦਾ ਸਤਿਕਾਰ ਕਰਾਂਗਾ ਅਤੇ ਉਹਨਾਂ ਦੇ ਨਾਲ ਭਾਈਵਾਲੀ ਨਾਲ ਕੰਮ ਕਰਾਂਗਾ। |
| 6.8 | ਉਹਨਾਂ ਸਹਿਕਰਮੀਆਂ ਦੀਆਂ ਜ਼ੁੰਮੇਵਾਰੀਆਂ ਦਾ ਸਤਿਕਾਰ ਕਰਾਂਗਾ ਜੋ ਵਿਭਿੰਨ ਪੇਸ਼ਾਵਰ ਕੋਡਾਂ ਦੀ ਪਾਲਣਾ ਕਰਦੇ ਹਨ। |
| 6.9 | ਆਪਣੇ ਗਿਆਨ ਅਤੇ ਹੁਨਰਾਂ ਨੂੰ ਕਾਇਮ ਰੱਖਣ ਅਤੇ ਸੁਧਾਰਨ ਲਈ ਸੰਬੰਧਿਤ ਸਿਖਲਾਈ ਦਾ ਜ਼ੁੰਮਾ ਲਵਾਂਗਾ ਅਤੇ ਦੂਜਿਆਂ ਦੀ ਸਿਖਲਾਈ ਅਤੇ ਵਿਕਾਸ ਲਈ ਯੋਗਦਾਨ ਕਰਾਂਗਾ। |
| 6.10 | ਸੇਵਾਵਾਂ, ਦੇਖਭਾਲਕਰਤਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਅਤੇ ਹੋਰ ਸੰਬੰਧਿਤ ਲੋਕਾਂ ਤੋਂ ਫੀਡਬੈਕ ਸੁਣਾਂਗਾ ਅਤੇ ਆਪਣੀ ਕਾਰਜ ਪ੍ਰਨਾਲੀ ਨੂੰ ਸੁਧਾਰਨ ਲਈ ਉਸ ਫੀਡਬੈਕ 'ਤੇ ਧਿਆਨ ਦੇਵਾਂਗਾ। |

**ਪਿਛਲੇ ਕਵਰ ਪੰਨੇ ਤੋਂ ਜਾਣਕਾਰੀ**

- ਇਹ ਕੋਡ 1 ਨਵੰਬਰ 2016 ਤੋਂ ਲਾਗੂ ਹੁੰਦੇ ਹਨ ਅਤੇ ਸਾਰੇ ਪੁਰਾਣੇ ਸੰਸਕਰਨਾਂ ਦੀ ਥਾਂ ਲੈਂਦੇ ਹਨ।
- ਦੇਖ-ਭਾਲ (ਸਕਾਟਲੈਂਡ) ਐਕਟ 2001 ਦੇ ਵਿਧਾਨ ਦੇ ਭਾਗ 53 ਦੇ ਤਹਿਤ ਜਾਰੀ ਕੀਤਾ ਗਿਆ।
- ਕੋਡ, ਕਾਰਜ ਪ੍ਰਨਾਲੀ, ਆਚਰਨ ਅਤੇ ਵਰਤਾਅ ਦੀਆਂ ਉਦਾਹਰਨਾਂ ਦਿੰਦੇ ਹਨ ਪਰ ਤੁਹਾਡੇ ਸਨਮੁਖ ਹੋ ਸਕਣ ਵਾਲੇ ਹਰ ਸੰਭਵ ਕਿਸਮ ਦੇ ਵਰਤਾਅ ਨੂੰ ਸ਼ਾਮਲ ਨਹੀਂ ਕਰਨਗੇ।

Scottish Social Services Council
Compass House
11 Riverside Drive
Dundee
DD1 4NY

ਟੈਲੀਫ਼ੋਨ: 0345 60 30 891

ਈਮੇਲ: enquiries@sssc.uk.com

ਵੈਬ: www.sssc.uk.com

ਟਵਿੱਟਰ: @SSSCnews

ਫੇਸਬੁੱਕ: www.facebookc.com/thesssc

ਜੇਕਰ ਤੁਸੀਂ ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮਟ ਵਿੱਚ ਮੰਗਣਾ ਪਸੰਦ ਕਰੋਗੇ, ਤਾਂ ਕਿਰਪਾ ਕਰਕੇ SSSC ਨਾਲ 0345 60 30 891 'ਤੇ ਸੰਪਰਕ ਕਰੋ।

© ਸਕੌਟਿਸ਼ ਸੋਸ਼ਲ ਸਰਵਿਸਿਜ਼ ਕੌਂਸਲ 2016